# DALIT SAROKARAN DIYAN TALKH HAKIKTAN DA PRMANIK BINB: KAHANI 'SORRY'

# ਦਲਿਤ ਸਰੋਕਾਰਾਂ ਦੀਆਂ ਤਲਖ਼ ਹਕੀਕਤਾਂ ਦਾ ਪ੍ਰਮਾਣਿਕ ਬਿੰਬ: ਕਹਾਣੀ 'ਸੌਰੀ'

**ਡਾ. ਬੀਰਬਲ ਸਿੰਘ** (Dr. Birbal Singh)

**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,**

**ਖ਼ਾਲਸਾ ਤ੍ਰੈ-ਸ਼ਤਾਬਦੀ ਸਰਕਾਰੀ ਕਾਲਜ, ਰਤੀਆ, ਜਿਲ੍ਹਾ ਫ਼ਤਿਹਾਬਾਦ (ਹਰਿਆਣਾ)**

Email ID: dr.birbalsingh18@gmail.com ਮੋਬਾਈਲ: +91-98965-45965

**ਸਾਰ (Abstract)**

*ਜਿੰਦਰ, ਸਮਕਾਲੀ ਪੰਜਾਬੀ ਕਹਾਣੀ ਵਿੱਚ ਕਥਾ ਸੰਵੇਦਨਾ ਦੀ ਬਿਰਤਾਂਤਕ ਪੇਸ਼ਕਾਰੀ ਕਰਕੇ ਆਪਣੀ ਪਛਾਣ ਸਥਾਪਿਤ ਕਰਨ ਵਾਲਾ ਪ੍ਰਮੁੱਖ ਕਹਾਣੀਕਾਰ ਹੈ। ਆਪਣੀਆਂ ਕਹਾਣੀਆਂ ਦੇ ਕਥਾ ਬਿਰਤਾਂਤ ਵਿੱਚ ਉਹ ਆਧੁਨਿਕ ਮਨੁੱਖ ਦੀ ਜ਼ਿੰਦਗੀ ਨਾਲ ਜੁੜੇ ਨਿੱਤ ਦੇ ਕਾਰ-ਵਿਹਾਰ ਅਤੇ ਪਰਿਚਿਤ ਵਰਤਾਰਿਆਂ ਨੂੰ ਬੜੀ ਬਾਰੀਕੀ, ਗੰਭੀਰਤਾ ਅਤੇ ਗਹਿਰਾਈ ਸਹਿਤ ਪੇਸ਼ ਕਰਦਾ ਹੈ। ਕਿਉਂਕਿ ਆਧੁਨਿਕ ਮਨੁੱਖ ਆਪੂੰ ਸਹੇੜੀ ਇਕੱਲਤਾ ਅਤੇ ਅੱਲਗਤਾ ਕਾਰਨ ਮਾਨਸਿਕ ਪੀੜਾ ਹੰਢਾ ਰਿਹਾ ਹੈ। ਅਜੋਕੇ ਮਨੁੱਖ ਦੀ ਮਾਨਵ ਵਿਰੋਧੀ ਵਰਤਾਰਿਆਂ ਕਾਰਨ ਸੰਤਾਪੀ ਹੋਈ ਸਥਿਤੀ ਦੇ ਇਸ ਯਥਾਰਥ ਨੂੰ ਜਿੰਦਰ ਦੀਆਂ ਕਹਾਣੀਆਂ ਵੱਖ-ਵੱਖ ਕੋਣਾਂ ਤੋਂ ਬਾਖ਼ੂਬੀ ਚਿਤਰਦੀਆਂ ਹਨ। ਇਸੇ ਸੰਦਰਭ ਵਿੱਚ ਜਿੰਦਰ ਦੀ ਕਹਾਣੀ ਸੌਰੀ ਨੂੰ ਵਿਚਾਰਿਆ ਜਾ ਸਕਦਾ ਹੈ। ਇਹ ਕਹਾਣੀ ਸਾਡੇ ਸਮਾਜਕ ਪ੍ਰਬੰਧ ਅਤੇ ਵਿਚਾਰਧਾਰਾ ਉੱਪਰ ਕਰਾਰੀ ਚੋਟ ਕਰਦੀ ਹੈ। ਮਨੁੱਖੀ ਮਾਨਸਿਕਤਾ ਵਿੱਚ ਬਿਮਾਰੀ ਦੀ ਤਰ੍ਹਾਂ ਘਰ ਕਰ ਚੁੱਕਿਆ ਜਾਤ-ਪਾਤ ਦਾ ਕੋਹੜ ਸਾਡੇ ਸੱਭਿਅਕ ਸਮਾਜ ਉੱਪਰ ਕਲੰਕ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਅਖੌਤੀ ਜਾਤ ਨਾਲ ਸਬੰਧਿਤ ਲੋਕ ਵੀ ਆਪਣੇ ਇਸ ਸੱਚ ਨੂੰ ਛੁਪਾ ਆਪਣੇ ਲੋਕਾਂ ਦੇ ਹੱਕ ਵਿੱਚ ਆਵਾਜ਼ ਚੁੱਕਣ ਤੋਂ ਕੰਨੀ ਕਤਰਾਉਂਦੇ ਨਜ਼ਰ ਆਉਂਦੇ ਹਨ।*

***ਕੀਵਰਡ (Keyword): ਪੰਜਾਬੀ ਕਹਾਣੀ, ਕਥਾ ਸੰਵੇਦਨਾ, ਜਿੰਦਰ, ਆਧੁਨਿਕ ਮਨੁੱਖ, ਜਾਤ-ਪਾਤ, ਮਾਨਸਿਕ ਸੰਤਾਪ।***

ਸਮਕਾਲੀ ਪੰਜਾਬੀ ਕਹਾਣੀ ਖੇਤਰ ਵਿੱਚ ਜਿੰਦਰ ਇੱਕ ਸਥਾਪਤ ਕਹਾਣੀਕਾਰ ਹੈ। ਉਹ ਲੰਮੇ ਸਮੇਂ ਤੋਂ ਕਹਾਣੀ ਸਿਰਜਣਾ ਦੇ ਖੇਤਰ ਵਿੱਚ ਕਾਰਜਸ਼ੀਲ ਹੈ। ਜਿੰਦਰ ਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਸੰਨ 2012 ਵਿੱਚ **ਤਹਿਜ਼ੀਬ** ਨਾਂ ਦਾ ਉਸ ਦੀਆਂ ਸਮੁੱਚੀਆਂ ਕਹਾਣੀਆਂ ਦਾ ਸੰਗ੍ਰਹਿ ਪ੍ਰਾਪਤ ਹੁੰਦਾ ਹੈ। ਕਹਾਣੀ ਤੋਂ ਇਲਾਵਾ ਸਾਹਿਤ ਦੀਆਂ ਹੋਰ ਵਿਧਾਵਾਂ ਉੱਪਰ ਵੀ ਜਿੰਦਰ ਨੇ ਆਪਣੀ ਕਲਮ ਅਜ਼ਮਾਈ ਕੀਤੀ ਹੈ। ਉਸ ਦੇ ਤਿੰਨ ਰੇਖਾ ਚਿੱਤਰ ਸੰਗ੍ਰਹਿ, ਇੱਕ ਸਫ਼ਰਨਾਮਾ, ਕੁੱਝ ਅਨੁਵਾਦਿਤ ਅਤੇ ਕੁੱਝ ਸੰਪਾਦਿਤ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਸਾਹਿਤ ਸਿਰਜਣਾ ਦੇ ਨਾਲ-ਨਾਲ ਉਹ ਪਿਛਲੇ ਕਈ ਸਾਲਾਂ ਤੋਂ ਲਗਾਤਾਰ **ਸ਼ਬਦ** ਤ੍ਰੈਮਾਸਿਕ ਰਸਾਲੇ ਦੇ ਸੰਪਾਦਨ ਦਾ ਵੀ ਕਾਰਜ ਕਰ ਰਿਹਾ ਹੈ।

**ਸੌਰੀ** ਕਹਾਣੀ ਜਿੰਦਰ ਦੁਆਰਾ ਰਚਿਤ ਉੱਚ ਦਰਜੇ ਦੀਆਂ ਕਹਾਣੀਆਂ ਵਿੱਚੋਂ ਇੱਕ ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਜਿੰਦਰ ਦਲਿਤ ਚੇਤਨਾ ਦੇ ਡੂੰਘੇ ਸਮਾਜਿਕ-ਇਤਿਹਾਸਕ ਪੱਖਾਂ ਨੂੰ ਮਨੋਵਿਗਿਆਨੀਆਂ ਵਾਲੀ ਸੂਝ ਨਾਲ ਪੇਸ਼ ਕਰਦਾ ਹੈ। ਕਹਾਣੀ ਵਿੱਚ ਭਾਰਤੀ ਪਰੰਪਰਾ ਵਿੱਚ ਪਏ ਜਾਤੀਗਤ ਸੰਸਕਾਰਾਂ ਦੇ ਉਸ ਦ੍ਰਿਸ਼ ਨੂੰ ਉਭਾਰਿਆ ਹੈ ਜੋ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਮਨ ਦੇ ਕਿਸੇ ਕੋਨੇ ਵਿੱਚ ਘਰ ਕਰੀਂ ਬੈਠੇ ਹੁੰਦੇ ਹਨ ਅਤੇ ਇਹੀ ਸੰਸਕਾਰ ਸਾਡੀਆਂ ਅਮੋੜ ਅਕਾਂਖਿਆਵਾਂ 'ਤੇ ਵੀ ਅੰਕੁਸ਼ ਲਗਾਉਂਦੇ ਹਨ। ਇਸ ਕਹਾਣੀ ਰਾਹੀਂ ਜਿੰਦਰ ਇੱਕ ਅਜਿਹਾ ਪ੍ਰਮਾਣਿਕ ਬਿੰਬ ਉਸਾਰਦਾ ਹੈ ਜਿਸ ਨੂੰ ਅਸੀਂ ਵਰਤਮਾਨ ਸਮਾਜ ਵਿੱਚ ਬੜੇ ਭਰਵੇਂ ਰੂਪ ਵਿੱਚ ਪਛਾਣ ਸਕਦੇ ਹਾਂ।

> *"ਕਿਸੇ ਸਮਾਜ ਨੂੰ ਸਮਝਣ ਦੀਆਂ ਅਨੇਕ ਵਿਧੀਆਂ ਹੋ ਸਕਦੀਆਂ ਹਨ। ਇੱਕ ਵਿਆਖਿਆ ਉਹ ਹੈ, ਜੋ ਸਮਾਜ ਵਿਗਿਆਨੀ ਉਪਲਬਧ ਕਰਵਾਉਂਦੇ ਹਨ। ਇਕ ਤਸਵੀਰ ਜਨ ਸੰਚਾਰ ਦੇ ਮਾਧਿਅਮ ਦਿਖਾਉਂਦੇ ਹਨ। ਇੱਕ ਜਾਵੀਆ ਰਾਜਨੀਤੀ ਪੇਸ਼ ਕਰ ਰਹੀ ਹੁੰਦੀ ਹੈ ਪਰ ਇਨ੍ਹਾਂ ਸਭਨਾਂ ਤੋਂ ਵੱਖਰੀ ਵੀ ਇੱਕ ਪੇਸ਼ਕਾਰੀ ਹੁੰਦੀ ਹੈ। ਉਹ ਪੇਸ਼ਕਾਰੀ ਸਾਹਿਤ ਕਰ ਰਿਹਾ ਹੁੰਦਾ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਰਹੀ ਹੈ ਕਿ ਸਾਹਿਤ ਦੁਆਰਾ ਸਿਰਜੀ ਗਈ ਤਸਵੀਰ ਨੂੰ ਸਮਾਜ ਦਾ ਇੱਕ ਵੱਡਾ ਹਿੱਸਾ ਗੰਭੀਰਤਾ ਨਾਲ ਨਹੀਂ ਲੈਂਦਾ। ਬਹੁਗਿਣਤੀ ਲਈ ਅੰਤਿਮ ਸੱਚ ਜਾਂ ਤਾਂ ਸਿਧਾਂਤਕਾਰ ਕੋਲ ਹੁੰਦਾ ਹੈ, ਜਾਂ ਰਾਜਨੀਤੀਵਾਨ ਕੋਲ, ਜਾਂ ਸਮਾਜਕ*

*ਜੱਥੇਬੰਦੀਆਂ ਕੋਲ, ਜਾਂ ਫਿਰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਕੋਲ। ਪਰ ਇਹ ਵੀ ਸੱਚ ਹੈ ਕਿ ਸਮਾਜ ਦੀ ਪ੍ਰਮਾਣਿਕ ਪੇਸ਼ਕਾਰੀ ਸਾਹਿਤ ਰਾਹੀਂ ਵੀ ਸੰਭਵ ਹੁੰਦੀ ਹੈ। ਘੱਟੋ-ਘੱਟ ਦਲਿਤ ਸਰੋਕਾਰਾਂ ਦੀ ਅਜੋਕੀ ਪੰਜਾਬੀ ਕਹਾਣੀ ਨੂੰ ਪੜ੍ਹਦਿਆਂ ਤਾਂ ਇਹੀ ਅਹਿਸਾਸ ਹੁੰਦਾ ਹੈ।* [1]

'ਦਲਿਤ' ਦਾ ਸਬੰਧ ਜਦੋਂ ਦਲਿਤ ਸਾਹਿਤ ਨਾਲ ਜੁੜਦਾ ਹੈ ਤਾਂ ਇਹ ਸਦੀਆਂ ਤੋਂ ਸੋਸ਼ਿਤ ਅਤੇ ਪੀੜਿਤ ਦੀ ਸਥਿਤੀ ਵਾਲਾ ਦਲਿਤ ਨਾਂ ਰਹਿੰਦਾ ਹੋਇਆ ਪਰੰਪਰਾਂ ਅਤੇ ਵਰਤਮਾਨ ਵਿਚ ਪ੍ਰਚਲਿਤ ਜਾਤੀ ਅਤੇ ਉਸ ਦੇ ਨਾਲ ਜੁੜੇ ਸ਼ੋਸ਼ਣ ਦੇ ਖ਼ਿਲਾਫ਼ ਵਿਰੋਧ ਅਤੇ ਇਨਕਾਰ ਦਾ ਸੰਕੇਤ ਕਰਦਾ ਹੈ। ਇਸ ਵਿਰੋਧ ਵਿੱਚ ਸਮਾਜਕ ਊਚ-ਨੀਚ, ਵਰਣ ਵਿਵਸਥਾ, ਧਾਰਮਿਕ ਰੂੜੀਆਂ, ਆਰਥਿਕ ਅਸਮਾਨਤਾਵਾਂ ਆਦਿ ਦਾ ਵਿਰੋਧ ਸ਼ਾਮਲ ਹੈ। ਅਜੋਕੀ ਪੰਜਾਬੀ ਕਹਾਣੀ ਵਿੱਚ ਪੇਸ਼ ਹੋ ਰਹੀ ਦ੍ਰਿਸ਼ਟੀ ਦਲਿਤ ਸਮਾਜ ਦੇ ਇਹਨਾਂ ਵਿਰੋਧਾਂ ਨੂੰ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਦੀ ਨਜ਼ਰ ਆਉਂਦੀ ਹੈ।

ਇਸ ਸੰਦਰਭ ਵਿੱਚ ਜਿੰਦਰ ਦੀ ਕਹਾਣੀ **ਸੌਰੀ** ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਕਹਾਣੀ ਰਾਹੀਂ ਕਹਾਣੀਕਾਰ ਜਿੰਦਰ ਨੇ ਸਾਡੇ ਸੱਭਿਅਕ ਅਖਵਾਉਣ ਵਾਲੇ ਸਮਾਜ ਦੇ ਲੋਕਾਂ ਦੇ ਮਨਾਂ ਵਿੱਚ ਘਰ ਕਰ ਚੁੱਕੀ ਜਾਤ-ਪਾਤ, ਊਚ-ਨੀਚ ਦੀ ਭਾਵਨਾ ਵਾਲੀ ਅਸੱਭਿਅਕ ਸੋਚ ਦੀ ਕਾਲੀ ਪਰਤ ਨੂੰ ਆਪਣੀ ਕਲਮ ਨਾਲ ਕੁਰੇਦਣ ਦਾ ਯਤਨ ਕੀਤਾ ਹੈ। ਸਾਡੇ ਦੇਸ਼ ਦੇ ਵਿਕਾਸ ਵਿੱਚ ਜਾਤ-ਪਾਤ ਦਾ ਮਸਲਾ ਸਭ ਤੋਂ ਵੱਡੀ ਰੁਕਾਵਟ ਹੈ। ਭਾਰਤ ਦੇ ਸਮਾਜੀ ਪ੍ਰਬੰਧ ਦੀ ਜਾਤ-ਪ੍ਰਥਾ ਇੱਕ ਜਟਿਲ ਵਿਵਸਥਾ ਹੈ ਅਤੇ ਜਾਤ-ਪਾਤ ਦੇ ਭੇਦਭਾਵ ਨੂੰ ਭਾਰਤ ਦੇ ਸਮਾਜਕ ਢਾਂਚੇ ਦਾ ਮੁੱਖ ਆਧਾਰ ਸਮਝਿਆ ਜਾਂਦਾ ਰਿਹਾ ਹੈ। ਭਾਰਤੀ ਸਮਾਜ ਵਿੱਚ ਮਨੁੱਖ ਦੀ ਜਾਤ ਉਸ ਦੇ ਜਨਮ ਤੋਂ ਹੀ ਮਿੱਥ ਲਈ ਜਾਂਦੀ ਹੈ ਅਤੇ ਉਹ ਆਪਣੇ ਜੀਵਨ ਕਾਲ ਵਿੱਚ ਉਸ ਨੂੰ ਬਦਲ ਨਹੀਂ ਸਕਦਾ। ਇੱਥੋਂ ਤੱਕ ਕਿ ਮੌਤ ਤੋਂ ਬਾਅਦ ਵੀ ਉਹ ਆਪਣੀ ਜਾਤੀ ਦੀਆਂ ਕਦਰਾਂ-ਕੀਮਤਾਂ ਨਾਲ ਜੁੜਿਆ ਰਹਿੰਦਾ ਹੈ।

ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਸਨਅਤੀਕਰਨ, ਵਿਗਿਆਨਕ ਯੁੱਗ, ਆਧੁਨਿਕ ਉਦਯੋਗਿਕ ਸੰਗਠਨ ਅਤੇ ਸਰਕਾਰ ਦੀ ਰਾਖਵੇਂਕਰਨ ਦੀ ਨੀਤੀ ਦੇ ਕਾਰਨ ਜਾਤ-ਪਾਤ ਦਾ ਮੁੱਢਲਾ ਸਰੂਪ ਤਾਂ ਬਦਲਿਆ ਹੈ, ਪਰ ਜਾਤ-ਪਾਤ ਖ਼ਤਮ ਨਹੀਂ ਹੋਈ। ਆਜ਼ਾਦੀ ਤੋਂ ਬਾਅਦ ਹਰ ਖੇਤਰ ਵਿੱਚ ਵਿਕਾਸ ਕਰਨ ਦੇ ਨਵੇਂ ਮੌਕੇ ਜਿਆਦਾਤਰ ਉੱਚੀਆਂ ਜਾਤਾਂ ਨੂੰ ਹੀ ਮਿਲੇ ਹਨ, ਜਦੋਂ ਕਿ ਇਹ ਲੋਕ ਤਾਂ ਪਹਿਲਾਂ ਤੋਂ ਹੀ ਵਿੱਦਿਆ, ਸਰਕਾਰੀ ਨੌਕਰੀਆਂ ਅਤੇ ਰਾਜਨੀਤੀ ਦੇ ਖੇਤਰ ਵਿੱਚ ਮੋਹਰੀ ਸਨ। ਸਮਾਨ ਅਵਸਰ ਨਾਂ ਮਿਲਣ ਦੀ ਸੂਰਤ ਵਿੱਚ ਉੱਚੀਆਂ ਅਤੇ ਨੀਵੀਆਂ ਜਾਤਾਂ ਵਿਚਲਾ ਪਾੜਾ ਹੋਰ ਵਧਦਾ ਗਿਆ। ਭਾਰਤ ਵਿੱਚ ਜਾਤ-ਪਾਤ ਅਤੇ ਇਸਦੀ ਉਪਜ ਦੇ ਕਾਰਨਾਂ ਕਰਕੇ ਦਲਿਤ ਵਰਗ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

**ਸੌਰੀ** ਕਹਾਣੀ ਦਾ ਕਥਾ ਬਿਰਤਾਂਤ ਇਸ ਪੱਖ ਨੂੰ ਉਭਾਰਦਾ ਹੈ ਕਿ ਜਾਤ-ਪਾਤ ਸਾਡੇ ਸਮਾਜ ਵਿੱਚ ਇੱਕ ਲਾ-ਇਲਾਜ਼ ਬਿਮਾਰੀ ਦੀ ਤਰ੍ਹਾਂ ਫੈਲਿਆ ਹੋਇਆ ਕੋਹੜ ਹੈ। ਜਿਸ ਨੇ ਸਾਡੀ ਮਾਨਸਿਕਤਾ ਨੂੰ ਆਪਣੀ ਜਕੜ ਵਿੱਚ ਲਿਆ ਹੋਇਆ ਹੈ। ਸਾਡੇ ਸਮਾਜ ਦੇ ਬਹੁਤ ਸਾਰੇ ਲੋਕ ਜਾਤ-ਪਾਤ ਦੇ ਵਿਤਕਰਿਆਂ ਦੀ ਘੁੰਮਣਘੇਰੀ ਵਿੱਚ ਫਸਣ ਕਾਰਨ ਮਾਨਸਿਕ ਸੰਤਾਪ ਦੇ ਭਾਗੀਦਾਰ ਬਣਦੇ ਹਨ। ਕਹਾਣੀ ਵਿੱਚ ਬੰਤੀ ਨਾਂ ਦੀ ਇੱਕ ਨੀਵੀਂ ਜਾਤ (ਚਮਾਰ) ਦੀ ਔਰਤ ਦਾ ਬਿਰਤਾਂਤ ਹੈ। ਉਹ ਆਪ ਦਲਿਤ ਸਮਾਜ ਨਾਲ ਸਬੰਧ ਰੱਖਦੀ ਹੈ ਪਰੰਤੂ ਉਸ ਦੀ ਰਿਹਾਇਸ਼ ਉੱਚੀ ਜਾਤ ਵਾਲਿਆਂ ਦੀ ਕਲੋਨੀ ਵਿੱਚ ਹੈ। ਉਹ ਆਪਣੇ ਪਤੀ ਅਤੇ ਪੁੱਤਰ ਦੇਸੇ ਨਾਲ ਹਾਊਸਿੰਗ ਬੋਰਡ ਦੁਆਰਾ ਬਣਾਈ ਕਲੋਨੀ ਵਿੱਚ ਕਰਾਏ ਦੇ ਮਕਾਨ ਵਿੱਚ ਰਹਿੰਦੀ ਹੈ। ਉਸ ਦਾ ਪਤੀ ਕਿਸੇ ਸਰਕਾਰੀ ਦਫ਼ਤਰ ਵਿੱਚ ਪੀਅਨ ਲੱਗਾ ਹੁੰਦਾ ਹੈ। ਬੰਤੀ ਆਪ ਖ਼ੂਬ ਮਿਹਨਤ-ਮੁਸ਼ਕਤ ਕਰਨ ਵਾਲੀ ਔਰਤ ਹੈ। ਉਹ ਆਪਣੇ ਇੱਕਲੌਤੇ ਪੁੱਤਰ ਦੇਸੇ ਨੂੰ ਉੱਚ ਵਿੱਦਿਆ ਦੁਆਉਣ ਦੀ ਚਾਹਵਾਨ ਹੈ। ਇਸ ਲਈ ਉਹ ਆਪਣੇ ਪੁੱਤਰ ਨੂੰ ਚੰਗੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਲਈ ਲੱਗਣ ਵਾਲੀਆਂ ਮੋਟੀਆਂ ਫ਼ੀਸਾਂ ਦੇਣ ਦੀ ਵੀ ਕੋਈ ਪਰਵਾਹ ਨਹੀਂ ਕਰਦੀ। ਉਸਦਾ ਪੁੱਤਰ ਦੇਸਾ ਵੀ ਆਪਣੇ ਮਾਪਿਆਂ ਦੀਆਂ ਖਾਹਿਸ਼ਾਂ ਉੱਪਰ ਖਰਾ ਉੱਤਰਦਾ ਹੈ। ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਅਤੇ ਕਾਬਿਲ ਬੱਚਾ ਹੈ। ਉਹ ਆਪਣੀ ਜਮਾਤ ਵਿੱਚ ਹਰ ਵਾਰ ਅਵੱਲ ਰਹਿੰਦਾ ਹੈ। ਪਰੰਤੂ ਉਸਦੀ ਇਹ ਕਾਬਲੀਅਤ ਕਲੋਨੀ ਵਿੱਚ ਰਹਿੰਦੇ ਸਵਰਨ ਜਾਤੀ ਦੇ ਲੋਕਾਂ ਨੂੰ ਫੁੱਟੀ ਕੌੜੀ ਨਹੀਂ ਭਾਉਂਦੀ। ਦਲਿਤ ਜਾਤੀ ਦੇ ਬੱਚੇ ਦਾ ਆਪਣੇ ਬੱਚਿਆਂ ਤੋਂ ਬਰੀਲੀਐਂਟ ਹੋਣਾ ਉੱਚੀ ਜਾਤੀ ਦੇ ਲੋਕਾਂ ਦੀ ਮਾਨਸਿਕਤਾ ਨੂੰ ਸਵੀਕਾਰ ਨਹੀਂ ਹੁੰਦਾ। ਜਿਸਦਾ ਸਿੱਟਾ ਇਹ ਨਿਕਲਦਾ ਹੈ ਕਿ ਦੇਸੇ ਉੱਪਰ ਮਿਸਿਜ਼ ਸਿੰਘ ਵੱਲੋਂ ਚੋਰੀ ਦਾ ਝੂਠਾ ਆਰੋਪ ਲਗਾਇਆ ਜਾਂਦਾ ਹੈ। ਬੰਤੀ ਆਪਣੇ ਪੁੱਤਰ ਦਾ ਸ਼ੇਰਨੀ ਬਣ ਬਚਾਅ ਕਰਦੀ ਹੈ। ਉਸ ਨੂੰ ਆਪਣੇ ਪੁੱਤਰ ਉੱਪਰ ਪੂਰਾ ਵਿਸ਼ਵਾਸ ਹੈ ਕਿ ਉਹ ਕਦੇ ਵੀ ਚੋਰੀ ਕਰਨ ਵਰਗਾ ਘਟੀਆ ਕਾਰਜ ਨਹੀਂ ਕਰ ਸਕਦਾ। ਇਸ ਲਈ ਬੰਤੀ ਮਿਸਿਜ਼ ਸਿੰਘ ਨਾਲ ਪੂਰਾ ਆਢਾ ਲੈਂਦੀ ਹੈ। ਉਹ ਆਪਣੇ ਪੁੱਤਰ ਨੂੰ ਨਿਰਦੋਸ਼ ਸਾਬਿਤ ਕਰਨ ਦਾ ਪੁਰਜ਼ੋਰ ਯਤਨ ਕਰਦੀ ਹੈ। ਉਹ ਆਪਣੇ ਪੁੱਤਰ ਉੱਪਰ ਲਗਾਏ ਚੋਰੀ ਦੇ ਝੂਠੇ ਇਲਜ਼ਾਮ ਕਾਰਨ ਉੱਚ ਜਾਤੀ ਦੇ ਲੋਕਾਂ ਨਾਲ ਭਾਵੇਂ ਸਖਤੀ ਨਾਲ ਪੇਸ਼ ਆਉਂਦੀ ਹੈ ਪਰ ਆਪਣਾ ਜਾਤ ਭਾਈ ਹੋਣ ਕਾਰਨ ਮੈਂ ਪਾਤਰ ਨਾਲ ਉਹ ਬੜੀ ਨਰਮਾਈ

 ISSN (Online): 2583-9446

ਨਾਲ ਗੱਲ ਕਰਦੀ ਹੈ। ਉਹ ਮੈਂ ਪਾਤਰ ਨੂੰ ਵੀਰ ਜੀ ਕਹਿ ਕੇ ਸੰਬੋਧਨ ਕਰਦੀ ਹੈ ਅਤੇ ਉਸ ਦੇ ਇੱਕ ਵਾਰ ਕਹਿਣ 'ਤੇ ਹੀ ਲੜਾਈ ਝਗੜਾ ਵਿੱਚੇ ਛੱਡ ਘਰ ਚਲੀ ਜਾਂਦੀ ਹੈ।

ਦੂਜੇ ਪਾਸੇ ਕਲੋਨੀ ਵਿੱਚ ਰਹਿਣ ਵਾਲੇ ਸਵਰਨ ਜਾਤੀ ਦੇ ਲੋਕਾਂ ਦਾ ਇੱਕੋ ਟਾਰਗੇਟ ਬਣ ਜਾਂਦਾ ਹੈ ਕਿਸੇ ਵੀ ਤਰ੍ਹਾਂ ਬੰਤੀ ਦੇ ਪਰਿਵਾਰ ਨੂੰ ਕਲੋਨੀ ਵਿੱਚੋਂ ਕੱਢਣਾ। ਕਲੋਨੀ ਵਿੱਚ ਵਸਦੇ ਪਤਵੰਤੇ ਸੱਜਣਾਂ ਵਿੱਚੋਂ ਕਿਸੇ ਨੇ ਵੀ ਦੋਵਾਂ ਧਿਰਾਂ ਦੀ ਗੱਲ ਸੁਣ ਕੇ ਇਨਸਾਫ਼ ਕਰਨ ਦੀ ਗੱਲ ਨਹੀਂ ਕੀਤੀ ਬਲਕਿ ਉਹ ਸਾਰੇ ਤਾਂ ਬੰਤੀ ਦੇ ਪੁੱਤਰ ਨੂੰ ਹੀ ਚੋਰ ਸਿੱਧ ਕਰਨ ਦੇ ਆਹਰ ਲੱਗੇ ਨਜ਼ਰ ਆਉਂਦੇ ਹਨ। ਮਿਸਿਜ਼ ਸਿੰਘ ਨਾਲ ਬੰਤੀ ਦੇ ਹੋਏ ਝਗੜੇ ਦੀ ਤਹਿ ਤੱਕ ਜਾਣ ਤੋਂ ਬਿਨਾਂ ਹੀ ਤਿਵਾੜੀ ਦੁਆਰਾ ਦਿੱਤੀ ਇਹ ਸਟੇਟਮੈਂਟ, *'ਬੰਤੀ ਦੇ ਮੁੰਡੇ ਦੀ ਸ਼ਕਲ ਜਮਾਂ ਈ ਚੋਰਾਂ ਵਰਗੀ ਲਗਦੀ'*[2] ਇਸ ਗੱਲ ਦੀ ਗਵਾਹ ਹੈ। ਇਸ ਤੋਂ ਬਾਅਦ ਕਲੋਨੀ ਵਾਲੇ ਇੱਕਠੇ ਹੋ ਕੇ ਮਕਾਨ ਮਾਲਕ ਅਰੋੜਾ ਸਾਹਿਬ ਕੋਲ ਬੰਤੀ ਅਤੇ ਉਸਦੇ ਪੁੱਤਰ ਦੀ ਸ਼ਿਕਾਇਤ ਕਰਦੇ ਹਨ। ਉਹ ਆਪਣੀਆਂ ਦਲੀਲਾਂ ਨਾਲ ਮਕਾਨ ਮਾਲਕ ਨੂੰ ਬੰਤੀ ਤੋਂ ਘਰ ਛਡਵਾਉਣ ਲਈ ਰਾਜ਼ੀ ਕਰਕੇ ਹੀ ਦਮ ਲੈਂਦੇ ਹਨ।

ਬੰਤੀ ਨੂੰ ਕਲੋਨੀ ਵਿੱਚੋਂ ਕਢਵਾਉਣ ਦੀ ਜਿੱਤ ਵਾਲੀ ਖੁਸ਼ੀ ਨੂੰ ਪੂਰੀ ਕਲੋਨੀ ਵਾਲੇ ਅੰਗ੍ਰੇਜ਼ੀ ਸ਼ਰਾਬ ਪੀ ਕੇ ਸੈਲੀਬਰੇਟ ਕਰਦੇ ਹਨ ਤੇ ਨਾਲ ਹੀ ਦਲਿਤ ਜਾਤੀ ਨਾਲ ਸਬੰਧਤ ਚੂੜ੍ਹੇ-ਚਮਾਰਾਂ ਬਾਰੇ ਆਪਣੀਆਂ-ਆਪਣੀਆਂ ਬੇਤੁਕੀਆਂ ਰਾਵਾਂ ਦਿੰਦੇ ਹਨ। ਕੋਈ ਚੋਰੀ ਇਨ੍ਹਾਂ ਲੋਕਾਂ ਦੇ ਬਲੱਡ ਵਿੱਚ ਹੋਣ ਦੀ ਗੱਲ ਕਰਦਾ ਹੈ, ਕੋਈ ਬੰਤੀ ਨੂੰ ਚਾਲੂ ਜ਼ਨਾਨੀ ਅਤੇ ਕੰਜਰੀ ਕਹਿੰਦਾ ਹੈ। ਕਰਤਾਰ ਸਿੰਘ ਨੀਵੀਂ ਜਾਤ ਦੇ ਲੋਕਾਂ ਬਾਰੇ ਆਪਣੀ ਰਾਏ ਦਿੰਦਾ ਹੋਇਆ ਕਹਿੰਦਾ ਹੈ-

> *"ਇਹਨਾਂ ਦੇ ਜੀਨਜ਼ ਚੋਰੀਆਂ ਨਾਲ ਭਰੇ ਹੋਏ।.........ਤੁਸੀਂ ਭਾਵੇਂ ਕੰਪਿਊਟਰ'ਚ ਪਾ ਕੇ ਦੇਖ ਲਉ।.......ਕੰਪਿਊਟਰ ਕਦੇ ਝੂਠ ਨਹੀਂ ਬੋਲ ਸਕਦਾ।...........ਖਾਨਦਾਨ ਐਵੇਂ ਤਾਂ ਨੀਂ ਪਰਖੇ ਜਾਂਦੇ ਨੇ।"*[3]

ਕਹਾਣੀ ਵਿਚਲਾ ਮੈਂ ਪਾਤਰ ਉਨ੍ਹਾਂ ਵਿੱਚ ਬੈਠਾ ਕੁਝ ਸਮਾਂ ਤਾਂ ਇਹ ਗੱਲਾਂ ਮਨ ਮਾਰ ਕੇ ਸੁਣਦਾ ਰਹਿੰਦਾ ਹੈ ਪਰ ਜਦੋਂ ਉਨ੍ਹਾਂ ਦੀਆਂ ਗੱਲਾਂ ਸਭ ਹੱਦਾਂ ਪਾਰ ਕਰ ਜਾਂਦੀਆਂ ਹਨ ਤਾਂ ਮੈਂ ਪਾਤਰ ਦੀ ਸਹਿਣ ਸ਼ਕਤੀ ਜਵਾਬ ਦੇ ਜਾਂਦੀ ਹੈ ਤੇ ਉਸ ਦੇ ਮੂੰਹੋਂ ਚੀਕ ਨਿਕਲ ਜਾਂਦੀ ਹੈ। ਪਰ ਜਲਦੀ ਹੀ ਆਪਣੀ ਗਲਤੀ ਫੜੇ ਜਾਣ ਦੇ ਡਰੋਂ ਮੈਂ ਪਾਤਰ ਆਪਣੀ ਭਾਵੁਕਤਾ ਉੱਤੇ ਕਾਬੂ ਪਾ ਲੈਂਦਾ ਹੈ। ਉਹ ਸ਼ਰਾਬ ਜਿਆਦਾ ਚੜੀ ਹੋਣ ਦਾ ਢੋਂਗ ਕਰਦਾ ਹੋਇਆ ਸਭ ਤੋਂ ਸੌਰੀ ਫੀਲ ਕਰ ਲੈਂਦਾ ਹੈ।

ਕਹਾਣੀ ਵਿੱਚ ਜਿੰਦਰ ਨੇ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਸ਼ਹਿਰ ਵਿੱਚ ਰਹਿੰਦੇ ਨੀਵੀਂ ਜਾਤ ਦੇ ਲੋਕਾਂ ਦੁਆਰਾ ਆਪਣੀ ਜਾਤ ਛੁਪਾਉਣ ਦੀ ਸਮੱਸਿਆ ਨੂੰ ਵੀ ਕੇਂਦਰ ਵਿੱਚ ਲਿਆ ਹੈ। ਇਹ ਲੋਕ ਆਪਣੀ ਝੂਠੀ ਸ਼ਾਨ ਬਣਾਉਣ ਲਈ ਉੱਚੀ ਜਾਤ ਨਾਲ ਸਬੰਧਤ ਹੋਣ ਦਾ ਢੌਂਗ ਤਾਂ ਕਰਦੇ ਹਨ ਪਰੰਤੂ ਇਹਨਾਂ ਦੇ ਮਨ ਅੰਦਰ ਚਲਦੀ ਕਸ਼ਮਕਸ਼ ਫੇਰ ਵੀ ਚੈਨ ਨਾਲ ਨਹੀਂ ਰਹਿਣ ਦਿੰਦੀ। ਕਹਾਣੀ ਵਿਚਲਾ ਮੈਂ ਪਾਤਰ ਨੀਵੀਂ ਜਾਤ ਦਾ ਹੈ ਪਰ ਕਲੋਨੀ ਵਾਲਿਆਂ ਅੱਗੇ ਉਹ ਇਸ ਗੱਲ ਦਾ ਪਰਦਾ ਰੱਖਦਾ ਹੈ। ਉਹ ਆਪਣਾ ਪਿਛੋਕੜ ਭੁਲਾਉਣ ਦਾ ਯਤਨ ਕਰਦਾ ਹੈ। ਪਰ ਇਹ ਸਭ ਕੁੱਝ ਕਰਨ ਦੇ ਬਾਵਜੂਦ ਵੀ ਉਹ ਮਾਨਸਿਕ ਅੰਤਰ-ਦਵੰਦ ਦਾ ਸ਼ਿਕਾਰ ਹੋਇਆ ਨਜ਼ਰ ਆਉਂਦਾ ਹੈ। ਉਹ ਬੰਤੀ ਨਾਲ ਆਪਣੀ ਜਾਤ ਬਿਰਾਦਰੀ ਦੀ ਹੋਣ ਕਾਰਨ ਦਿਲੋਂ ਹਮਦਰਦੀ ਕਰਦਾ ਹੈ ਪਰ ਖੁੱਲ੍ਹ ਕੇ ਉਸਦੀ ਮਦਦ ਕਰਨ ਤੋਂ ਡਰਦਾ ਹੈ। ਉਹ ਆਪਣੀ ਅੰਤਰ-ਆਤਮਾ ਦੀ ਆਵਾਜ ਤਾਂ ਸੁਣਦਾ ਹੈ ਪਰੰਤੂ ਕਲੋਨੀ ਵਿੱਚ ਆਪਣਾ ਸਟੇਟਸ ਦੇਖ ਕੇ ਉਸ ਆਵਾਜ ਨੂੰ ਅੰਦਰ ਹੀ ਦਫਨ ਕਰ ਜਾਂਦਾ ਹੈ। ਜਿਸ ਕਾਰਨ ਕਲੋਨੀ ਦੀ ਬਰਾਦਰੀ ਉਸਦੀ ਆਪਣੀ ਜਾਤ ਬਿਰਾਦਰੀ ਉਪਰ ਭਾਰੂ ਪੈ ਜਾਂਦੀ ਹੈ ਤੇ ਅੰਤ 'ਤੇ ਉਹ ਬੰਤੀ ਨੂੰ ਘਰੋਂ ਕਢਵਾਉਣ ਵਾਲਿਆਂ ਦੇ ਹੱਕ ਵਿੱਚ ਖੜ੍ਹ ਜਾਂਦਾ ਹੈ।

ਕਹਾਣੀ ਵਿੱਚ ਉਪਜੀ ਸਥਿਤੀ ਦੀ ਵਿਡੰਬਨਾ ਇਹ ਕਿ ਮੈਂ ਪਾਤਰ ਪੜ੍ਹਿਆ ਲਿਖਿਆ ਅਤੇ ਉੱਚ ਅਹੁਦੇ 'ਤੇ ਹੋ ਕੇ ਵੀ ਆਪਣੀ ਜਾਤ ਲੁਕਾ ਰਿਹਾ ਹੈ। ਉਹ ਆਪਣੀ ਸਬ-ਕਾਸਟ ਦੀ ਥਾਂ 'ਤੇ ਪਿੰਡ ਦਾ ਨਾਂ ਲਾਉਂਦਾ ਹੈ। ਉਹ ਆਪਣੇ ਪੁੱਤਰ ਦੇ ਕਾਸਟ ਵਾਲੇ ਖਾਨੇ ਵਿੱਚ ਆਪਣੀ ਪਤਨੀ ਦਾ ਗੋਤ ਲਿਖਵਾਉਂਦਾ ਹੈ ਕਿਉਂਕਿ ਇਹ ਗੋਤ ਜੱਟਾਂ ਦੇ ਗੋਤ ਨਾਲ ਮੇਲ ਖਾਂਦਾ ਹੈ। ਕਹਾਣੀਕਾਰ ਨੇ ਮੈਂ ਪਾਤਰ ਦੇ ਅੰਤਰ-ਦਵੰਦ ਵਾਲੀ ਦੋਹਰੀ ਮਾਨਸਿਕਤਾ ਉੱਪਰ ਵਿਅੰਗ ਕੀਤਾ ਹੈ। ਦੂਜੇ ਪਾਸੇ ਉਸਦੇ ਮੁਕਾਬਲੇ ਬੰਤੀ ਹੈ ਜੋ ਅਨਪੜ੍ਹ ਅਤੇ ਗਰੀਬ ਹੋ ਕੇ ਵੀ ਆਪਣੀ ਜਾਤ ਨੂੰ ਹੀਣਾ ਨਹੀਂ ਸਮਝਦੀ ਸਗੋਂ ਸਮਾਜਕ ਚੇਤਨਾ ਕਾਰਨ ਆਪਣੇ ਜਾਤੀ ਗੌਰਵ ਨੂੰ ਉਭਾਰਨ ਦਾ ਕਾਰਜ ਕਰਦੀ ਹੈ। ਉਹ ਮੈਂ ਪਾਤਰ ਦੁਆਰਾ ਉਸਦੀ ਜਾਤ ਪੁੱਛਣ 'ਤੇ ਕਹਿੰਦੀ ਹੈ-

> *"ਤੁਹਾਨੂੰ ਨੀ ਪਤਾ ? ਚਮਾਰ" ਕਹਿੰਦਿਆਂ ਉਸਦੇ ਚਿਹਰੇ 'ਤੇ ਆਤਮ ਸੰਤੁਸ਼ਟੀ ਦੇ ਭਾਵ ਉਭਰੇ ਸਨ।"*[4]

ਕਹਾਣੀ ਦਾ ਅਧਿਐਨ ਕਰਦਿਆਂ ਇਹ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਕਿ ਜਿੰਦਰ ਨੇ ਇਸ ਕਹਾਣੀ ਰਾਹੀਂ ਇਹ ਪ੍ਰਗਟਾਵਾ ਕਰਨ ਦਾ ਯਤਨ ਕੀਤਾ ਹੈ ਕਿ ਵਰਤਮਾਨ ਸਮੇਂ ਵਿੱਚ ਮਸਲਾ ਹੁਣ ਸਿਰਫ਼ ਦਲਿਤ ਅਤੇ ਸਵਰਨ ਜਾਤੀਆਂ ਵਿਚਲੇ ਦਵੇਸ਼ ਦਾ ਨਹੀਂ ਰਿਹਾ, ਬਲਕਿ ਇਹ ਮਸਲਾ ਵਧੇਰੇ

ਜਟਿਲਤਾ ਗ੍ਰਹਿਣ ਕਰਦਾ ਜਾ ਰਿਹਾ ਹੈ। ਵਰਣ ਵੰਡ 'ਤੇ ਆਧਾਰਿਤ ਸਾਡੀ ਸਮਾਜਕ ਬਣਤਰ ਵਿੱਚ ਇਹ ਕੇਵਲ ਉੱਚ ਅਤੇ ਨਿਮਨ ਜਾਤਾਂ ਦੇ ਅੰਤਰ ਵਿਰੋਧ ਹੀ ਦਿਖਾਈ ਨਹੀਂ ਦਿੰਦੇ, ਸਗੋਂ ਨਿਮਨ ਆਖੀਆਂ ਜਾਣ ਵਾਲੀਆਂ ਜਾਤਾਂ ਵਿੱਚ ਅੱਗੋਂ ਵੀ ਉਪਜਾਤੀਆਂ ਅਤੇ ਗੋਤਾਂ ਦੀ ਦਰਜੇਬੰਦੀ ਸੱਪਸ਼ਟ ਦਿਖਾਈ ਦਿੰਦੀ ਹੈ। ਨਿਮਨ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਅਜਿਹੇ ਬਹੁਤ ਲੋਕ ਹਨ ਜਿਹੜੇ ਥੋੜਾ ਜਿਹਾ ਸਮਾਜਕ ਰੁਤਬਾ ਬਣ ਜਾਣ 'ਤੇ ਆਪਣੀ ਹੀ ਜਾਤ ਦੇ ਲੋਕਾਂ ਤੋਂ ਕਿਨਾਰਾ ਕਰਨ ਲੱਗ ਪੈਂਦੇ ਹਨ। ਕਹਾਣੀ ਵਿਚਲਾ ਮੈਂ ਪਾਤਰ ਬੰਤੀ ਦੀ ਜਾਤ ਬਿਰਾਦਰੀ ਦਾ ਅਤੇ ਉਸਦੇ ਇਲਾਕੇ ਦਾ ਹੋ ਕੇ ਬੰਤੀ ਤੋਂ ਕੱਟਣ ਦੀ ਕੋਸ਼ਿਸ ਕਰਦਾ ਹੈ ਤਾਂ ਕਿ ਉਸਦੀ ਕਾਸਟ ਦਾ ਭੇਦ ਨਾ ਖੁੱਲ੍ਹ ਜਾਵੇ।

ਕਹਾਣੀ ਵਿੱਚ ਕਹਾਣੀਕਾਰ ਬੜੀ ਸ਼ਿੱਦਤ ਨਾਲ ਇਸ ਗੱਲ ਦਾ ਅਹਿਸਾਸ ਕਰਵਾਉਂਦਾ ਹੈ ਕਿ ਕਿਸੇ ਸਮੇਂ ਦਲਿਤ ਸਰੋਕਾਰਾਂ ਵਿਚੋਂ ਸਿਰਫ਼ ਆਰਥਿਕਤਾ ਹੀ ਪ੍ਰਮੁੱਖ ਮਸਲਾ ਹੁੰਦਾ ਸੀ। ਪਹਿਲੇ ਦਲਿਤ ਪਾਤਰ ਆਪਣੀ ਗਰੀਬੀ, ਬੇਬਸੀ, ਅਗਿਆਨਤਾ, ਲਾਚਾਰੀ ਅਤੇ ਅਹਿਸਾਨਾਂ ਦੇ ਬੋਝ ਥੱਲੇ ਦਬੇ ਹੋਣ ਕਾਰਨ ਸੰਤਾਪ ਭੋਗਦੇ ਸਨ ਪਰੰਤੂ ਅਜੋਕੀ ਸਥਿਤੀ ਵਿੱਚ ਦਲਿਤ ਪਾਤਰ ਦਾ ਸੰਤਾਪ ਉਸਦੀ ਵਰਤਮਾਨ ਸਥਿਤੀ ਅਤੇ ਭੂਤਕਾਲੀ ਸਥਿਤੀ ਦੇ ਦਵੰਦ ਵਿੱਚੋਂ ਵੀ ਪੈਦਾ ਹੁੰਦਾ ਹੈ। ਬਹੁਤ ਸਾਰੇ ਦਲਿਤ ਜਾਤੀਆਂ ਨਾਲ ਸਬੰਧਤ ਪਾਤਰ ਆਪਣੀ ਵਰਤਮਾਨ ਸਥਿਤੀ ਅਤੇ ਭੂਤਕਾਲ ਦੀ ਗਲਾਨੀ ਭਰਭੂਰ ਸਥਿਤੀ ਵਿੱਚ ਸੰਤੁਲਨ ਕਾਇਮ ਨਾ ਕਰ ਸਕਣ ਕਾਰਨ ਮਾਨਸਿਕ ਦਵੰਦ ਵਾਲਾ ਸੰਤਾਪ ਭੋਗਦੇ ਹਨ। ਇਹ ਪਾਤਰ ਸੁਖਾਂਵੀ ਆਰਥਿਕਤਾ ਅਤੇ ਉੱਚਾ ਸਮਾਜਕ ਰੁਤਬਾ ਪਾ ਕੇ ਵੀ ਨੀਵੀਂ ਜਾਤ ਦੇ ਸੰਤਾਪ ਕਾਰਨ ਹੀਣ ਭਾਵਨਾ ਵਿੱਚ ਗਰੱਸੇ ਹੋਏ ਹਨ। ਕਹਾਣੀ ਵਿਚਲਾ ਮੈਂ ਪਾਤਰ ਇਸੇ ਪ੍ਰਕਾਰ ਦੀ ਸਥਿਤੀ ਵਿਚੋਂ ਗੁਜਰਦਾ ਹੈ। ਉਹ ਸਾਰੇ ਪੱਖਾਂ ਤੋਂ ਮਜਬੂਤ ਹੋ ਕੇ ਵੀ ਜਾਤੀਗਤ ਹੀਣਤਾ ਵਾਲੀ ਕਮਜ਼ੋਰੀ ਦਾ ਸ਼ਿਕਾਰ ਨਜ਼ਰ ਆਉਂਦਾ ਹੈ। ਉਸਦੇ ਮੁਕਾਬਲੇ ਮਿਹਨਤ ਮਜਦੂਰੀ ਕਰਨ ਵਾਲੀ ਬੰਤੀ ਚੇਤੰਨ ਹੋ ਕੇ ਆਪਣੀ ਜਾਤੀਗਤ ਹੋਂਦ ਪ੍ਰਤੀ ਸੰਘਰਸ਼ ਕਰਦੀ ਜਾਪਦੀ ਹੈ। ਕਹਾਣੀ ਵਿਚਲਾ ਬੰਤੀ ਦਾ ਕਿਰਦਾਰ ਇਹ ਸਾਬਿਤ ਕਰਦਾ ਹੈ ਕਿ ਜਾਤੀਗਤ ਮਸਲੇ ਸਿਰਫ਼ ਆਰਥਿਕ ਮਜਬੂਤੀ ਨਾਲ ਹੀ ਨਜਿੱਠੇ ਨਹੀਂ ਜਾਣੇ, ਬਲਕਿ ਇਸ ਦੇ ਲਈ ਡੂੰਘੀ ਸੋਚ ਵਾਲੀ ਅੰਤਰ-ਦ੍ਰਿਸ਼ਟੀ ਦੀ ਜਰੂਰਤ ਹੈ।

ਦਲਿਤ ਸਮਾਜ ਦੇ ਲੋਕਾਂ ਦੀ ਆਪਣੇ ਨਾਲ ਹੁੰਦੇ ਵਿਤਕਰਿਆਂ ਵਿਰੁੱਧ ਵਿੱਢੀ ਲੜਾਈ ਦੀ ਉਸ ਸਮੇਂ ਹਾਰ ਹੋ ਜਾਂਦੀ ਹੈ ਜਦੋਂ ਆਰਥਿਕ ਅਤੇ ਰਾਜਨੀਤਕ ਪੱਖੋਂ ਸਮਰਿੱਧ ਹੋਣ ਤੋਂ ਬਾਅਦ ਵੀ ਦਲਿਤ ਪਾਤਰ ਮਨੁੱਖਤਾ ਵਿਰੋਧੀ ਅਤੇ ਅਨਿਆਂਕਾਰੀ ਵਿਵਸਥਾ ਦਾ ਵਿਰੋਧ ਕਰਨ ਦੀ ਬਜਾਇ ਉਸ ਵਿਵਸਥਾ ਦੇ ਹੱਕ ਵਿੱਚ ਭੁਗਤ ਜਾਂਦੇ ਹਨ। ਕਹਾਣੀ ਵਿਚਲਾ ਮੈਂ ਪਾਤਰ ਇਸ ਕਿਸਮ ਦੀ ਮਿਸਾਲ ਬਣ ਕੇ ਪੇਸ਼ ਹੁੰਦਾ ਹੈ। ਉਹ ਆਪਣੀ ਆਰਥਕ ਸਮਰਿੱਧੀ ਕਾਰਨ ਉੱਚ ਵਰਗ ਦੇ ਪੜ੍ਹੇ-ਲਿਖੇ ਲੋਕਾਂ ਦੀ ਕਲੋਨੀ ਵਿੱਚ ਰਹਿੰਦਾ ਹੈ। ਉਹ ਇਨ੍ਹਾਂ ਲੋਕਾਂ ਵਿੱਚ ਵਿਚਰਦਿਆਂ ਆਪਣੇ-ਆਪ ਨੂੰ ਅਪਰ-ਕਾਸਟ ਵਜੋਂ ਸਥਾਪਤ ਕਰ ਲੈਂਦਾ ਹੈ। ਉਹ ਆਪਣੀ ਜਾਤ ਛੁਪਾਉਣ ਵਿੱਚ ਤਾਂ ਕਾਮਯਾਬ ਹੋ ਜਾਂਦਾ ਹੈ ਪਰ ਕਲੋਨੀ ਵਿੱਚ ਆਪਣੀ ਹੀ ਜਾਤ ਬਰਾਦਰੀ ਦੀ ਬੰਤੀ ਨਾਲ ਹੋ ਰਹੇ ਅਨਿਆਂ ਵਿਰੁੱਧ ਆਵਾਜ਼ ਉਠਾਉਣ ਦੇ ਸਮਰੱਥ ਨਹੀਂ ਹੁੰਦਾ। ਉਹ ਚਾਹੁੰਦਾ ਹੋਇਆ ਵੀ ਬੰਤੀ ਨੂੰ ਨਿਆਂ ਦੁਆਉਣ ਦੀ ਬਜਾਇ ਕਲੋਨੀ ਵਾਲਿਆਂ ਦਾ ਪੱਖ ਪੂਰਦਾ ਹੈ। ਜਾਤੀਗਤ ਹੀਣਤਾ ਉਸਦੇ ਮੂਹੋਂ ਇਨਸਾਫ਼ ਦੇ ਸ਼ਬਦਾਂ ਦੀ ਥਾਂ ਚੀਕ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ।

ਜੇਕਰ ਵਿਚਾਰਿਆ ਜਾਵੇ ਤਾਂ ਦਲਿਤ ਚੇਤਨਾਂ ਦੇ ਸਮਾਜਕ ਇਤਿਹਾਸਕ ਬਿਰਤਾਂਤ ਦਾ ਇਕ ਮਹੱਤਵਪੂਰਨ ਪਾਸਾਰ ਇਹ ਵੀ ਉਪਲਬਧ ਹੁੰਦਾ ਹੈ ਕਿ ਦਲਿਤਾਂ ਨਾਲ ਵਿਤਕਰਾ ਅਤੇ ਉਨ੍ਹਾਂ ਦਾ ਸ਼ੋਸ਼ਣ ਹਰ ਯੁੱਗ ਵਿੱਚ ਹੁੰਦਾ ਰਿਹਾ ਹੈ। ਸਮੇਂ ਅਤੇ ਸਥਿਤੀ ਅਨੁਸਾਰ ਇਸਦੇ ਰੂਪ ਅਤੇ ਵਿਧੀ ਵਿੱਚ ਭਾਵੇਂ ਪਰਿਵਰਤਨ ਹੁੰਦਾ ਰਿਹਾ ਹੈ। ਇਹ ਸ਼ੋਸ਼ਣ ਕਦੇ ਸਰੀਰਕ ਯਾਤਨਾ ਅਤੇ ਆਰਥਕ ਲੁੱਟ ਦੀਆਂ ਵਿਧੀਆਂ ਨਾਲ ਕੀਤਾ ਜਾਂਦਾ ਹੈ, ਕਦੀ ਜਬਰੀ ਵਗਾਰ ਦੇ ਰੂਪ ਵਿੱਚ। ਇਹ ਸ਼ੋਸ਼ਣ ਕਦੀ ਭਾਵਨਾਤਮਕ ਹੋਵੇ ਤਾਂ ਸ਼ਬਦਾਂ ਰੂਪੀ ਬਾਣ ਰਾਹੀਂ ਵੀ ਹੋ ਸਕਦਾ ਹੈ।

**ਸੌਰੀ** ਕਹਾਣੀ ਵਿੱਚ ਬੰਤੀ ਦੀ ਆਰਥਿਕ ਸਥਿਤੀ ਠੀਕ-ਠਾਕ ਹੋਣ ਕਾਰਨ ਉਹ ਕਿਸੇ ਉੱਚ ਜਾਤੀ ਵਾਲੇ ਦੀ ਈਨ ਮੰਨਣ ਲਈ ਤਿਆਰ ਨਹੀਂ। ਇਸ ਲਈ ਕਲੋਨੀ ਵਾਲੇ ਉਸ ਨੂੰ ਭਾਵਨਾਤਮਕ ਤੌਰ 'ਤੇ ਚੋਟ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਦੇਸੇ ਉੱਪਰ ਚੋਰੀ ਦਾ ਇਲਜ਼ਾਮ ਲਾਉਣ ਪਿੱਛੇ ਕਲੋਨੀ ਵਾਲਿਆਂ ਦੀ ਮਨਸ਼ਾ ਕੁੱਝ ਹੋਰ ਹੁੰਦੀ ਹੈ। ਨਿਮਨ ਜਾਤੀ ਦੇ ਬੱਚੇ ਦੀ ਕਾਬਲੀਅਤ ਉਨ੍ਹਾਂ ਨੂੰ ਰੜਕਣ ਲੱਗ ਪੈਂਦੀ ਹੈ। ਇਸ ਲਈ ਉਹ ਬੰਤੀ ਅਤੇ ਉਸਦੇ ਪੁੱਤਰ ਨੂੰ ਮਾਨਸਿਕ ਤੌਰ ਤੇ ਤੋੜਨ ਦੀ ਸਾਜਿਸ਼ ਤਹਿਤ ਹੀ ਇਸ ਤਰ੍ਹਾਂ ਦਾ ਘਿਨਾਉਣਾ ਕਾਰਜ ਕਰਦੇ ਹਨ। ਦਲਿਤ ਸਮਾਜ ਦੀਆਂ ਭਾਵਨਾਵਾ ਨਾਲ ਖੇਡਣ ਦੀ ਅਜਿਹੀ ਖੇਡ ਯੁਗਾਂ-ਯੁਗਾਂਤਰਾਂ ਤੋਂ ਚਲੀ ਆ ਰਹੀ ਹੈ। ਇਸ ਗੱਲ ਦੀ ਪ੍ਰੋੜਤਾ ਲਈ ਪ੍ਰਸਿੱਧ ਆਲੋਚਕ ਡਾ. ਉਪਿੰਦਰਜੀਤ ਦੇ **ਸੌਰੀ** ਕਹਾਣੀ ਬਾਰੇ ਲਿਖੇ ਇਹ ਵਿਚਾਰ ਵਰਨਣਯੋਗ ਹਨ :-

*"ਭਾਰਤੀ ਸਮਾਜ ਵਿੱਚ ਦਲਿਤ ਨੇ ਹਰ ਯੁਗ ਵਿੱਚ ਤ੍ਰਿਸਕਾਰ ਹੀ*

ਸਹਿਆ ਹੈ ਅਤੇ ਇਸ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਵੀਹਵੀਂ-ਇੱਕਵੀਂ ਸਦੀ ਵਿੱਚ ਪ੍ਰਵੇਸ਼ ਕਰਨ ਨਾਲ ਭਾਰਤ ਵਿੱਚ ਦਲਿਤਾਂ ਨੂੰ ਆਪਣੇ ਹੁਨਰ ਅਤੇ ਲਿਆਕਤ ਨੂੰ ਸਿੱਧ ਕਰਨ ਦੇ ਮੌਕੇ ਮਿਲਣ ਦੇ ਬਾਬਜੂਦ ਵੀ ਉਨ੍ਹਾਂ ਦੀ ਸਮਾਜ ਵਿੱਚ ਬਣਦੀ ਸਪੇਸ ਨੂੰ ਸਮਾਜ ਵਿੱਚ ਕਾਇਮ ਸੱਤਾਧਾਰੀ ਧਿਰ ਵੱਲੋਂ ਮੰਜ਼ੂਰ ਨਹੀਂ ਕੀਤਾ ਜਾ ਰਿਹਾ। ਦਰਅਸਲ ਭਾਰਤ ਅਜੇ ਵੀ ਵਰਗ ਅਤੇ ਵਰਣ ਵਿਵਸਥਾ ਵਿੱਚ ਵੰਡਿਆ ਹੋਇਆ ਹੈ। ਮੱਧਵਰਗ ਨਾਂ ਤਾਂ ਨਿਮਨ ਵਰਗ ਦੇ ਵਿਅਕਤੀ ਨੂੰ ਕਬੂਲਦਾ ਹੈ ਅਤੇ ਨਾ ਹੀ ਨਿਮਨ ਜਾਤੀ ਦੇ ਵਿਅਕਤੀ ਨੂੰ ਕਬੂਲਣ ਲਈ ਤਿਆਰ ਹੈ।" [5]

ਉਪਰੋਕਤ ਵਿਚਾਰ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ **ਸੌਰੀ** ਕਹਾਣੀ ਭਾਰਤੀ ਸਮਾਜ ਵਿੱਚ ਪ੍ਰਚਲਿਤ ਜਾਤੀਗਤ ਸੰਸਕਾਰਾਂ ਕਾਰਨ ਸਮਾਜ ਵਿੱਚ ਤ੍ਰਿਸਕਾਰੇ ਜਾਂਦੇ ਲੋਕਾਂ ਦੇ ਹੱਡੀਂ-ਹੰਢਾਏ ਸੰਤਾਪ ਦਾ ਸਮਾਜਕ-ਇਤਿਹਾਸਕ ਬਿਰਤਾਂਤ ਹੈ। ਇਸ ਸਮੁੱਚੇ ਬਿਰਤਾਂਤ ਦੀ ਪੇਸ਼ਕਾਰੀ ਪਿੱਛੇ ਜਿੰਦਰ ਦਾ ਵਿਸ਼ਾਲ ਜੀਵਨ ਅਨੁਭਵ ਝਲਕਦਾ ਹੈ। ਜਾਤੀਗਤ ਅਵਚੇਤਨ ਦੇ ਸੰਕਲਪ ਦੀ ਸਿਰਜਣਾ ਰਚਨਾਕਾਰ ਦੀ ਡੂੰਘੀ ਕਲਾਤਮਕ ਸਮਝ ਦਾ ਪ੍ਰਗਟਾ ਹੈ ਤੇ ਪੰਜਾਬੀ ਕਹਾਣੀ ਦੀ ਵਿਸ਼ੇਸ ਪ੍ਰਾਪਤੀ।

## ਹਵਾਲੇ ਅਤੇ ਟਿੱਪਣੀਆਂ


1. *ਡਾ. ਰਵੀ ਰਵਿੰਦਰ, ਅੰਕ 60, ਸ਼ਬਦ, ਪੰਨਾ: 129*
2. *ਜਿੰਦਰ, ਤਹਿਜ਼ੀਬ* (ਕਹਾਣੀ ਸੰਗ੍ਰਹਿ), *ਨਵਯੁੱਗ ਪਬਲਿਸ਼ਰਜ਼, ਦਿੱਲੀ, ਪੰਨਾ: 295*
3. *ਉਹੀ, ਪੰਨਾ: 302*
4. *ਉਹੀ, ਪੰਨਾ: 299*
5. *ਕਰਨਦੀਪ ਸਿੰਘ (ਸੰਪਾ.),* ***ਜਿੰਦਰ ਦਾ ਕਥਾ ਸੰਸਾਰ****, ਸੰਗਮ ਪਬਲੀਕੇਸ਼ਨ, ਸਮਾਣਾ ਪੰਨਾ: 110-111*